ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-2 ਸ਼ਾਖਾ)

ਸੇਵਾ ਵਿਖੇ

1. ਸਮੂਹ ਮੰਡਲ ਸਿੱਖਿਆ ਅਫਸਰ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ)।

ਮੀਮੋ ਨੰ: 18/44/2016-1ਸਿ2/ 976791/1
ਮਿਤੀ, ਚੰਡੀਗੜ੍ਹ 15/5/17

ਵਿਸ਼ਾ:- ਮਾਸਟਰ/ਮਿਸਟ੍ਰੈਸ ਜਿਨ੍ਹਾਂ ਨੇ ਉਚੇਰੀ ਸਿੱਖਿਆ ਪ੍ਰਾਪਤ ਕੀਤੀ ਹੋਈ ਹੈ, ਉਹ ਆਪਣੀਆਂ ਡਗਰੀਆਂ ਦੀਆਂ ਫੋਟੋ ਕਾਪੀਆਂ 15 ਦਿਨਾਂ ਦੇ ਅੰਦਰ-ਅੰਦਰ ਡੀਪੀਆਈ (ਸੈਸਿ),ਪੰਜਾਬ ਦਫਤਰ ਵਿਖੇ ਭੇਜਣ ਸਬੰਧੀ।

*****

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2 ਵਿਸ਼ਾ ਅੰਕਿਤ ਮਾਮਲੇ ਸਬੰਧੀ ਮੈਨੂੰ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਸਿੱਖਿਆ ਵਿਭਾਗ ਵਿੱਚ ਜਿਹੜੇ ਮਾਸਟਰ/ਮਿਸਟ੍ਰੈਸ ਸੇਵਾ ਕਰ ਰਹੇ ਹਨ ਅਤੇ ਉਨ੍ਹਾਂ ਨੇ ਉਚੇਰੀ ਸਿੱਖਿਆ ਪ੍ਰਾਪਤ ਕੀਤੀ ਹੋਈ ਹੈ, ਪਰੰਤੂ ਆਪਣੀਆਂ ਉਚੇਰੀ ਸਿੱਖਿਆ ਸਬੰਧੀ ਸਿੱਖਿਆ ਵਿਭਾਗ ਨੂੰ ਸੂਚਿਤ ਨਹੀਂ ਕੀਤਾ ਗਿਆ ਹੈ, ਸਬੰਧੀ ਸਮੂਹ ਮੰਡਲ ਸਿੱਖਿਆ ਅਫਸਰ ਅਤੇ ਸਮੂਹ ਜਿਲ੍ਹਾ ਸਿੱਖਿਆ ਅਫਸਰ ਸਮੂਹ ਜਿਲ੍ਹਿਆਂ ਦੇ ਪ੍ਰਿੰਸੀਪਲਾਂ ਅਤੇ ਹੈੱਡ ਮਾਸਟਰਾਂ ਨੂੰ ਤੁਰੰਤ ਨੋਟ ਕਰਵਾਉਣਗੇ ਕਿ ਉਹ ਹਰੇਕ ਮਾਸਟਰ/ਮਿਸਟ੍ਰੈਸ ਕੋਲੋ ਉਚੇਰੀ ਸਿੱਖਿਆ ਦੀਆਂ ਡਿਗਰੀਆਂ ਦੀ ਕਾਪੀ ਸਮੇਤ ਹਲਫਨਾਮਾ ਮਿਤੀ 31-05-2017 ਤੋਂ ਪਹਿਲਾਂ-2 ਮੰਗਵਾਕੇ ਡੀਪੀਆਈ (ਸੈਸਿ), ਪੰਜਾਬ ਦੇ ਦਫਤਰ ( ਏ.ਡੀ.ਐਸ.ਏ-2 ) ਵਿਖੇ ਪਹੁੰਚਾਉਣਾ ਯਕੀਨੀ ਬਣਾਉਣ। ਜੇਕਰ ਕਿਸੇ ਮਾਸਟਰ/ਮਿਸਟ੍ਰੈਸ ਦਾ ਉਚੇਰੀ ਸਿੱਖਿਆ ਦਾ ਹਲਫਨਾਮਾ ਰਹਿ ਜਾਂਦਾ ਹੈ ਤਾਂ ਉਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਸਕੂਲ ਦੇ ਪ੍ਰਿੰਸੀਪਲ ਅਤੇ ਹੈੱਡ ਮਾਸਟਰ ਦੀ ਹੋਵੇਗੀ ਅਤੇ ਸਬੰਧਤ ਪ੍ਰਿੰਸੀਪਲ/ਹੈੱਡ ਮਾਸਟਰ ਵਿਰੁੱਧ ਨਿਯਮਾਂ ਅਨੁਸਾਰ ਬਣਦੀ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ। ਜੇਕਰ ਕੋਈ ਮਾਸਟਰ/ਮਿਸਟ੍ਰੈਸ ਮਿਥੇ ਸਮੇਂ ਸਿਰ ਆਪਣੀ ਉਚੇਰੀ ਯੋਗਤਾਵਾਂ ਸਬੰਧੀ ਜਾਣਕਾਰੀ ਨਹੀਂ ਦਿੰਦਾ ਤਾਂ ਉਚੇਰੀ ਯੋਗਤਾਵਾਂ ਦੇ ਆਧਾਰ ਤੇ ਅਜਿਹੇ ਮਾਸਟਰ/ਮਿਸਟ੍ਰੈਸ ਦਾ ਪੱਦ ਉਨਤੀ ਲਈ ਕਲਮ ਮੰਨਣਯੋਗ ਨਹੀਂ ਹੋਵੇਗਾ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

15/5/17
ਸੁਪਰਡੰਟ
ਅ.ਸ

ਪਿ:ਅੰ:ਨੰ.18/44/2017-1ਸਿ2/
ਮਿਤੀ, ਚੰਡੀਗੜ੍ਹ

ਇਸ ਦਾ ਇੱਕ ਉਤਾਰਾ ਡੀਪੀਆਈ (ਸੈਸਿ), ਪੰਜਾਬ ਨੂੰ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਸਰਕੂਲਰ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ਅਤੇ ਇਸ ਨੂੰ ਵਿਭਾਗ ਦੇ ਪੋਰਟਲ ਤੇ ਅਪਲੋਡ ਕੀਤਾ ਜਾਵੇ।

ਸੁਪਰਡੰਟ

## ਦਫਤਰ ਜਿਲ੍ਹਾ ਸਿਖਿਆ ਅਫਸਰ (ਸੈ:ਸਿ:) ਅੰਮ੍ਰਿਤਸਰ

ਪਿਠ ਅੰਕਣਨੰ: ਅ-3/2017/ 3152

ਮਿਤੀ :19/5/17

1 ਉਪੋਰਕਤ ਪੱਤਰ ਦਾ ਉਤਾਰਾ ਸਮੂਹ ਪ੍ਰਿੰਸੀਪਲ/ਮੱਖਅਧਿਆਪਕ ਸਸਸਸ/ਸਹਸ ,ਅੰਮ੍ਰਿਤਸਰ ਨੂੰ ਭੇਜਕੇ ਲਿਖਿਆ ਜਾਦਾ ਹੈ ਕਿ ਪੱਤਰ ਵਿੱਚ ਦਰਜ ਹਦਾਇਤਾ ਦੀ ਇੰਨ ਬਿੰਨ ਪਾਲਨਾ ਕਰਨੀ ਯਕੀਨੀ ਬਣਾਈ ਜਾਵੇ।

ਜਿਲ੍ਹਾ ਸਿਖਿਆ ਅਫਸਰ (ਸੈ:ਸਿ:)
ਅੰਮ੍ਰਿਤਸਰ